+ SET 2

PRACTICE PAPER(2020-21)

PUNJABI

ਦਸਵੀਂ (10th)

ਸਮਾਂ-3 ਘੰਟੇ ਅੰਕ-80

**ਆਮ ਨਿਰਦੇਸ਼**

***ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਸਾਵਧਾਨੀ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ-**

*ਇਸ ਪ੍ਰਸ਼ਨ ਪੱਤਰ ਵਿੱਚ ਦੋ ਭਾਗ ਹਨ – ਭਾਗ ੳ ਅਤੇ ਅ

*ਭਾਗ ੳ ਵਿਚ (ਅਬਜੈਕਟਿਵ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਗਏ ਹਨ ।

*ਭਾਗ ਅ ਵਿੱਚ ਵਰਨਣਾਤਮਕ ਪ੍ਰਸ਼ਨ ਪੁੱਛੇ ਗਏ ਹਨ ।

ਭਾਗ-ੳ

ਬਹੁਵਿਕਲਪੀ ਪ੍ਰਸ਼ਨ (ਅਬਜੈਕਟਿਵ)

ਪ੍ਰਸ਼ਨ- ਕ੍ਰਮ ਅੰਕ

1.ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ –

ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਲੋਕਾਂ ਦੇ ਜੀਵਨ ਦੀ ਦਸ਼ਾ ਬਹੁਤ ਭਿਆਨਕ ਸੀ । ਹਰ ਪਾਸੇ ਜ਼ੁਲਮ ਅਤੇ ਅਨਿਆਂ ਭਾਰੂ ਸੀ । ਰਾਜਾ ਪਰਜਾ ਦੀ ਰੱਖਿਆ ਦੀ ਥਾਂ ਉਸ ਨੂੰ ਲੁੱਟਦਾ ਸੀ । ਲੋਕ ਅਗਿਆਨਤਾ ਕਾਰਨ ਭਟਕਦੇ ਸਨ । ਲੋਕਾਂ ਦੀ ਇਹ ਦਸ਼ਾ ਵੇਖ ਕੇ ਗੁਰੂ ਨਾਨਕ ਦੇਵ ਜੀ ਦਾ ਦਿਲ ਭਰ ਆਇਆ । ਉਹ ਜਗਤ ਸੁਧਾਰ ਲਈ ਘਰੋਂ ਤੁਰ ਪਏ । ਚਾਰ ਦਿਸ਼ਾਵਾਂ ਵੱਲ ਉਹਨਾਂ ਨੇ ਚਾਰ ਯਾਤਰਾਵਾਂ ਕੀਤੀਆਂ । ਉਹਨਾਂ ਦੇ ਨਾਲ ਭਾਈ ਮਰਦਾਨਾ ਜੀ ਵੀ ਸਨ । ਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਦੁਆਰਾ ਲੋਕਾਂ ਨੂੰ ਸਿੱਧੇ ਰਸਤੇ ਪਾਇਆ । ਗੁਰੂ ਜੀ ਨੇ ਲੋਕਾਂ ਨੂੰ ਅੰਧਵਿਸ਼ਵਾਸ ਤੋਂ ਦੂਰ ਹੋਣ ਦੀ ਸਿੱਖਿਆ ਦਿੱਤੀ । ਜ਼ਰੂਰਤ ਸੱਚੇ ਤੇ ਸਹੀ ਕੰਮਾਂ ਦੀ ਹੈ । ਮੱਕੇ ਵਿਚ ਉਹਨਾਂ ਨੇ ਉਪਦੇਸ਼ ਦਿੱਤਾ ਕਿ ਪਰਮਾਤਮਾ ਕੇਵਲ ਇਕ ਪਾਸੇ ਹੀ ਨਹੀਂ, ਸਗੋਂ ਹਰ ਥਾਂ ਹੈ । ਕੁਦਰਤ ਦੇ ਕਣ-ਕਣ ਵਿੱਚ ਉਸ ਦੀ ਹੋਂਦ ਹੈ ।

i. ਨਾਨਕ ਦੇਵ ਜੀ ਦੇ ਜਨਮ ਸਮੇਂ ਲੋਕਾਂ ਦੇ ਜੀਵਨ ਦੀ ਦਸ਼ਾ ਕਿਸ ਤਰ੍ਹਾਂ ਦੀ ਸੀ ? 1

ੳ ) ਬਹੁਤ ਚੰਗੀ

ਅ) ਬਹੁਤ ਭਿਆਨਕ

ੲ) ਠੀਕ-ਠਾਕ

ਸ) ਇਹਨਾਂ ਵਿਚੋਂ ਕੋਈ ਨਹੀਂ

ii. ਲੋਕ ਕਿਸ ਕਾਰਨ ਭਟਕਦੇ ਸਨ ? 1

ੳ) ਗਿਆਨ ਕਾਰਨ

ਅ) ਮੋਹ ਕਾਰਨ

ੲ) ਪਿਆਰ ਕਾਰਨ

ਸ) ਅਗਿਆਨਤਾ ਕਾਰਨ

iii. ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਯਾਤਰਾਵਾਂ ਕੀਤੀਆਂ ? 1

ੳ) ਇੱਕ

ਅ) ਦੋ

ੲ) ਚਾਰ

ਸ) ਪੰਜ

iv. ਗੁਰੂ ਨਾਨਕ ਦੇਵ ਜੀ ਨਾਲ ਕੌਣ ਸੀ ? 1

ੳ) ਬਾਲਾ ਜੀ

ਅ)ਭਾਈ ਮਰਦਾਨਾ ਜੀ

ੲ) ਭਾਈ ਲਾਲੋ ਜੀ

ਸ) ਭਾਈ ਗੁਰਦਾਸ ਜੀ

v.ਕੁਦਰਤ ਦੇ ਕਣ-ਕਣ ਵਿੱਚ ਕਿਸ ਦੀ ਹੋਂਦ ਹੈ ? 1

ੳ) ਮਨੁੱਖ ਦੀ

ਅ) ਦੇਵਤਿਆਂ ਦੀ

ੲ) ਪਰਮਾਤਮਾ ਦੀ

ਸ) ਦੈਤਾਂ ਦੀ

ਜਾਂ

ਮਿਹਨਤ ਹੀ ਸਫਲਤਾ ਦੀ ਕੁੰਜੀ ਹੈ। ਮਿਹਨਤ ਤੋਂ ਬਿਨਾਂ ਆਦਮੀ ਤਰੱਕੀ ਨਹੀਂ ਕਰ ਸਕਦਾ। ਸੁਸਤ ਆਦਮੀ ਕਦੇ ਸੁਖ ਨਹੀਂ ਪਾ ਸਕਦਾ। ਉਹ ਹਮੇਸ਼ਾ ਦੁਖੀ ਰਹਿੰਦਾ ਹੈ। ਮਿਹਨਤੀ ਆਦਮੀ ਆਪਣੀ ਕਿਸਮਤ ਆਪ ਬਣਾਉਂਦਾ ਹੈ। ਜੋ ਆਦਮੀ ਸਖ਼ਤ ਮਿਹਨਤ ਕਰੇਗਾ ਤਾਂ ਕਿਸਮਤ ਵੀ ਉਸ ਦਾ ਸਾਥ ਦੇਵੇਗੀ। ਮਿਹਨਤ ਕਰਨ ਵਾਲਾ ਸਦਾ ਖੁਸ਼ ਰਹਿੰਦਾ ਹੈ। ਜੇ ਮਿਹਨਤ ਸੱਚੇ ਇਰਾਦੇ ਨਾਲ ਕੀਤੀ ਗਈ ਹੋਵੇ ਤਾਂ ਉਹ ਜ਼ਰੂਰ ਸਫਲ ਹੁੰਦੀ ਹੈ। ਅਮਰੀਕਾ ਦਾ ਰਾਸ਼ਟਰਪਤੀ ਅਬਰਾਹਮ ਲਿੰਕਨ ਲੁਹਾਰ ਦਾ ਪੱਤਰ ਸੀ , ਸੱਚੀ ਮਿਹਨਤ ਸਦਕਾ ਹੀ ਉਹ ਰਾਸ਼ਟਰਪਤੀ ਦੇ ਅਹੁਦੇ ਤੇ ਪਹੁੰਚਿਆ। ਕਈ ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਮਿਹਨਤ ਨਹੀਂ ਕਰਦੇ ਅਤੇ ਫੇਲ ਹੋ ਜਾਂਦੇ ਹਨ। ਫਿਰ ਉਹ ਆਪਣੀ ਕਿਸਮਤ ਨੂੰ ਦੋਸ਼ ਦੇਂਦੇ ਹਨ।

i)ਸਫ਼ਲਤਾ ਦੀ ਕੁੰਜੀ ਕਿਹੜੀ ਹੈ ? 1

ੳ) ਤਰੱਕੀ

ਅ) ਮਿਹਨਤ

ੲ) ਕਿਸਮਤ

ਸ) ਸੁਸਤੀ

ii) ਕਿਹੜਾ ਆਦਮੀ ਹਮੇਸ਼ਾ ਦੁਖੀ ਰਹਿੰਦਾ ਹੈ ? 1

ੳ) ਚੁਸਤ

ਅ) ਚਲਾਕ

ੲ) ਬੁੱਧੀਮਾਨ

ਸ) ਸੁਸਤ

iii) ਮਿਹਨਤੀ ਬੰਦੇ ਦਾ ਸਾਥ ਕੋਣ ਦਿੰਦਾ ਹੈ ? 1

ੳ) ਦੋਸਤ

ਅ) ਰਿਸ਼ਤੇਦਾਰ

ੲ) ਕਿਸਮਤ

ਸ) ਸਮਾਂ

iv) ਅਬਰਾਹਮ ਲਿੰਕਨ ਕਿਸ ਦਾ ਪੁੱਤਰ ਸੀ ? 1

ੳ) ਲੁਹਾਰ ਦਾ

ਅ) ਵਿਗਿਆਨਕ ਦਾ

ੲ) ਅਧਿਆਪਕ ਦਾ

ਸ) ਡਾਕਟਰ ਦਾ

v) ਇਸ ਪੈਰੇ ਦਾ ਢੁਕਵਾਂ ਸਿਰਲੇਖ ਚੁਣੋ - 1

ੳ) ਸਮਾਂ

ਅ) ਮਿਹਨਤ

ੲ) ਮਿੱਤਰ

ਸ) ਕਿਸਮਤ

2. ਹੇਠ ਲਿਖੀਆਂ ਕਾਵਿ ਟੁਕੜੀਆਂ ਨੂੰ ਪੜ੍ਹ ਕੇ ਕਿਸੇ ਇੱਕ ਦੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ –

ਵਿੱਦਿਆ ਤਾਂ ਪਰਉਪਕਾਰੀ ਏ, ਹਮੇਸ਼ਾ ਭਲਾ ਕਮਾਉਂਦੀ ਏ ,

ਬੰਦਾ ਜੋ ਪਸ਼ੂ ਬਰਾਬਰ ਹੈ, ਉਸਨੂੰ ਇਨਸਾਨ ਬਣਾਉਂਦੀ ਏ ।

ਵਿੱਦਿਆ ਇੱਕ ਐਸਾ ਚਾਨਣ ਹੈ , ਜੋ ਮਨ ਅੰਦਰ ਜਗਦਾ ਏ ,

ਇਸ ਬਿਨ ਚੁਫੇਰੇ ਦੁਨੀਆਂ ਵਿੱਚ ਬਸ ,ਨਿਰਾ ਹਨੇਰਾ ਲਗਦਾ ਹੈ ।

I ) ਵਿੱਦਿਆ ਕੀ ਹੈ ? 1

ੳ) ਮਿੱਤਰ

ਅ) ਦੁਸ਼ਮਣ

ੲ) ਪਰਉਪਕਾਰੀ

ਸ) ਪਸ਼ੂ

ii) ਵਿੱਦਿਆ ਕੀ ਕਮਾਉਂਦੀ ਹੈ ? 1

ੳ) ਬੁਰਾ

ਅ) ਭਲਾ

ੲ) ਪੈਸਾ

ਸ) ਮਕਾਨ

iii) ਵਿੱਦਿਆ ਤੋਂ ਬਿਨਾਂ ਮਨੁੱਖ ਕਿਸ ਦੇ ਬਰਾਬਰ ਹੈ ? 1

ੳ) ਸਾਧੂ

ਅ) ਇਨਸਾਨ

ੲ) ਚੋਰ

ਸ) ਪਸ਼ੂ

iV) ਵਿੱਦਿਆ ਨੂੰ ਕੀ ਕਿਹਾ ਗਿਆ ਹੈ ? 1

ੳ) ਚਾਨਣ

ਅ) ਹਨੇਰਾ

ੲ) ਪਸ਼ੂ

ਸ) ਨੌਕਰੀ

v) ਕਿਸਦੇ ਬਿਨਾਂ ਦੁਨੀਆਂ ਅੰਦਰ ਹਨੇਰਾ ਹੈ ? 1

ੳ) ਵਿੱਦਿਆ

ਅ) ਪੈਸਾ

ੲ) ਸੁੱਖ

ਸ) ਪਿਆਰ

ਜਾਂ

ਦੀਵਾਲੀ ਮਨਾਓ ਸਾਲੋ ਸਾਲ ,

ਪ੍ਰਦੂਸ਼ਣ ਦਾ ਰੱਖੋ ਖਿਆਲ ।

ਸਭਨਾ ਨੂੰ ਇਹ ਆਖ ਸੁਣਾਈਏ ,

ਆਤਿਸ਼ਬਾਜ਼ੀ ਨਾ ਚਲਾਈਏ ,

ਜੂਏ ਦੇ ਨਾ ਨੇੜੇ ਜਾਈਏ

ਮਿਲਜੁਲ ਕੇ ਦੀਵਾਲੀ ਮਨਾਈਏ ।

i) ਪੈਰੇ ਵਿੱਚ ਕਿਹੜੇ ਤਿਉਹਾਰ ਬਾਰੇ ਗੱਲ ਕੀਤੀ ਗਈ ਹੈ ? 1

ੳ) ਹੋਲੀ

ਅ) ਵਿਸਾਖੀ

ੲ) ਦੁਸਹਿਰਾ

ਸ) ਦੀਵਾਲੀ

ii) ਕਿਸ ਦਾ ਖਿਆਲ ਰੱਖਣ ਲਈ ਕਿਹਾ ਗਿਆ ਹੈ ? 1

ੳ) ਦੁਨੀਆਂ ਦਾ

ਅ) ਘਰ ਦਾ

ੲ) ਪ੍ਰਦੂਸ਼ਣ ਦਾ

ਸ) ਰੁੱਖਾਂ ਦਾ

iii ) ਸਭ ਨੂੰ ਕੀ ਸੁਨੇਹਾ ਦੇਣਾ ਚਾਹੀਦਾ ਹੈ ? 1

ੳ) ਆਤਿਸ਼ਬਾਜ਼ੀ ਨਾ ਚਲਾਉਣ ਦਾ

ਅ) ਆਤਿਸ਼ਬਾਜ਼ੀ ਚਲਾਉਣ ਦਾ

ੲ) ਪ੍ਰਦੂਸ਼ਣ ਵਧਾਉਣ ਦਾ

ਸ) ਗੰਦਗੀ ਫੈਲਾਉਣ ਦਾ

iv ) ਕਿਸ ਦੇ ਨੇੜੇ ਨਾ ਜਾਣ ਦੀ ਗੱਲ ਕੀਤੀ ਗਈ ਹੈ ? 1

ੳ) ਨਸ਼ੇ

ਅ) ਜੂਏ

ੲ) ਭੈੜੀ ਸੰਗਤ

ਸ) ਬਿਜਲੀ

v) ਦੀਵਾਲੀ ਦਾ ਤਿਉਹਾਰ ਕਿਵੇਂ ਮਨਾਉਣਾ ਚਾਹੀਦਾ ਹੈ ? 1

ੳ) ਕੱਲੇ

ਅ) ਮਿਲਜੁਲ ਕੇ

ੲ) ਘਰ ਰਹਿ ਕੇ

ਸ) ਇਹਨਾਂ ਵਿੱਚੋਂ ਕੋਈ ਨਹੀਂ

## ਵਿਆਕਰਨ

3.ਸਮਾਸੀ ਸ਼ਬਦ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ –(ਕੋਈ ਚਾਰ ਕਰੋ)

i) ਹੇਠ ਲਿਖਿਆਂ ਵਿਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ – 1

ੳ) ਅਮਨ-ਚੈਨ ਅ) ਬੁਰਾ-ਭਲਾ

ੲ) ਗਰਮੀ-ਸਰਦੀ ਸ) ਆਉਣਾ-ਜਾਉਣਾ

ii) ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ- 1

ੳ) ਗੱਲ-ਬਾਤ ਅ) ਕੰਮ-ਕਾਜ

ੲ) ਗੋਲਾ-ਬਾਰੂਦ ਸ) ਰਾਜਾ-ਰੰਕ

iii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ- 1

ੳ) ਵੱਡਾ-ਛੋਟਾ ਅ) ਪੂਰਵ-ਪੱਛਮ

ੲ) ਵਿਹਾਰ ਸ) ਕਾਰ-ਵਿਹਾਰ

iv) ਸਮਾਸੀ ਸ਼ਬਦ ਬਣਾਉਣ ਵੇਲੇ ਕਿਹੜਾ ਚਿੰਨ੍ਹ ਲੱਗਦਾ ਹੈ- 1

ੳ) ? ( ਪ੍ਰਸ਼ਨ ਚਿੰਨ੍ਹ) ਅ) ! (ਵਿਸਮਿਕ ਚਿੰਨ੍ਹ)

ੲ) - (ਜੋੜਨੀ) ਸ) । (ਪੂਰਨ ਵਿਰਾਮ/ਡੰਡੀ )

v)ਹੇਠ ਲਿਖਿਆਂ ਵਿੱਚੋ ਕਿਹੜਾ ਸਮਾਸੀ ਸ਼ਬਦ ਹੈ- 1

ੳ) ਰਸ ਨਾਲ ਭਰੀ ਅ) ਰਸ-ਭਰੀ

ੲ) ਰਸ ਦੀ ਭਰੀ ਸ) ਰਸ-ਰਸ ਹੋਈ

4. ਬਹੁਅਰਥਕ ਸ਼ਬਦਾਂ ਨਾਲ ਸੰਬੰਧਤ ਪ੍ਰਸ਼ਨ – (ਕੋਈ ਚਾਰ ਕਰੋ)

i) ਬਹੁ-ਅਰਥਕ ਸ਼ਬਦ ਕਿਸ ਨੂੰ ਆਖਦੇ ਹਨ ? 1

ੳ) ਵਿਰੋਧੀ ਅਰਥ ਵਾਲੇ ਸ਼ਬਦਾਂ ਨੂੰ ਅ) ਸਮਾਨ ਅਰਥ ਵਾਲੇ ਸ਼ਬਦਾਂ ਨੂੰ

ੲ) ਉਤਪੰਨ ਸ਼ਬਦਾਂ ਨੂੰ

ਸ) ਉਹ ਸ਼ਬਦ ਜੋ ਇੱਕ ਤੋਂ ਵੱਧ ਅਰਥ ਰੱਖਦੇ ਹੋਣ

ii) 'ਕਾਲ' ਸ਼ਬਦ ਦਾ ਬਹੁ-ਅਰਥਕ ਚੁਣੋ- 1

ੳ) ਸਮਾਂ,ਮੌਤ ਅ)ਘਾਟ,ਛੋਟਾ

ੲ) ਗੋਲੀ ,ਜਵਾਬ ਸ) ਟਾਹਣੀ,ਬੈਠਣਾ

iii) 'ਅੱਡਾ'ਸ਼ਬਦ ਦਾ ਬਹੁ-ਅਰਥਕ ਚੁਣੋ – 1

ੳ) ਬੱਸਾਂ ਰੁਕਣ ਦੀ ਥਾਂ ,ਆਸਰਾ ਅ) ਉਤਰਨਾ ,ਚੜਨਾ

ੲ) ਜਵਾਬ,ਪੈਦਲ ਸ) ਯੋਜਨਾ,ਚੜਨਾ

iv)ਕਿਹੜ੍ਹਾ 'ਡੰਡੀ'ਸ਼ਬਦ ਦਾ ਬਹੁ-ਅਰਥਕ ਨਹੀਂ ਹੈ - 1

ੳ) ਪੂਰਨ ਵਿਰਾਮ ਅ) ਬੋਲਣਾ

ੲ) ਛੋਟਾ ਰਸਤਾ ਸ) ਟਹਿਣੀ

v) 'ਕੋਟ' ਸ਼ਬਦ ਦਾ ਬਹੁ-ਅਰਥਕ ਚੁਣੋ – 1

ੳ) ਕਰੋੜ,ਕਿਲ੍ਹਾ ਅ) ਅੰਕ,ਨਾਲ

ੲ) ਇਲਾਜ,ਅਰੋਗ ਸ) ਕਮਾਈ,ਰੰਗ

5. ਅਗੇਤਰ-ਪਿਛੇਤਰ ਨਾਲ ਸੰਬੰਧਤ ਪ੍ਰਸ਼ਨ –( ਕੋਈ ਚਾਰ ਕਰੋ )

i) 'ਅੱਧ' ਅਗੇਤਰ ਵਾਲਾ ਸ਼ਬਦ ਚੁਣੋ - 1

ੳ) ਅੱਧਾ ਅ) ਅੱਧਰੰਗ

ੲ) ਅਧਿਕਾਰ ਸ)ਅੱਧੀ

ii)' ਖੁਸ਼' ਅਗੇਤਰ ਵਾਲਾ ਸ਼ਬਦ ਕਿਹੜਾ ਹੈ ? 1

ੳ) ਖੁਸ਼ਖਬਰੀ ਅ)ਖੁਸ਼ੀ

ੲ) ਖੁਸ਼ ਹੋਣਾ ਸ) ਹੱਸਣਾ

iii) 'ਨਿਰ' ਅਗੇਤਰ ਵਾਲਾ ਸ਼ਬਦ ਹੈ - 1

ੳ) ਨਹੀਂ ਅ) ਨਿਰਵੈਰ

ੲ) ਬਿਨਾਂ ਸ) ਨਾਲ

iv)' ਮੋਟਾਈ , ਗੋਲਾਈ 'ਵਿੱਚ ਪਿਛੇਤਰ ਚੁਣੋ- 1

ੳ) ਈ ਅ) ਆਈ

ੲ) ਟਾਈ ਸ) ਤਾਈ

v) 'ਆਲੂ' ਸ਼ਬਦ ਵਾਲਾ ਪਿਛੇਤਰ ਚੁਣੋ - 1

ੳ) ਹਿਮਾਲੂ ਅ) ਭੜਕਾਊ

ੲ) ਕਮਾਊ ਸ) ਸ਼ਰਧਾਲੂ

6. ਮੁਹਾਵਰੇ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ –( ਕੋਈ ਚਾਰ)

i) 'ਕੰਨ _______ ਹੋਣਾ ' ਸਹੀ ਸ਼ਬਦ ਚੁਣ ਕੇ ਮੁਹਾਵਰਾ ਪੂਰਾ ਕਰੋ - 1

ੳ) ਬੈਠਣਾ ਅ) ਖੜ੍ਹੇ

ੲ) ਟੁੱਟਣਾ ਸ) ਸਿੱਧੇ

ii) 'ਕੰਨ ਭਰਨੇ' ਮੁਹਾਵਰੇ ਦਾ ਅਰਥ ਹੈ - 1

ੳ) ਝੂਠ ਬੋਲਣਾ ਅ) ਸੱਚ ਬੋਲਣਾ

ੲ) ਚੁਗਲੀ ਕਰਨਾ ਸ) ਪ੍ਰਸ਼ੰਸਾ ਕਰਨਾ

iii) 'ਖਾਰ ਖਾਣੀ' ਮੁਹਾਵਰੇ ਦਾ ਸਹੀ ਭਾਵਅਰਥ ਚੁਣੋ 1

ੳ) ਪਿਆਰ ਕਰਨ ਅ) ਈਰਖਾ ਕਰਨੀ

ੲ) ਦੋਸਤੀ ਕਰਨੀ ਸ) ਖੁਸ਼ ਕਿਸਮਤ ਹੋਣਾ

iv) ________ ਵੇਚ ਕੇ ਸੋਣਾ" ਮੁਹਾਵਰੇ ਨੂੰ ਪੂਰਾ ਕਰੋ 1

ੳ) ਹਾਥੀ ਅ) ਹਿਰਨ

ੲ) ਘੋੜੇ ਸ) ਗਊ

v) 'ਗੁੱਡੀ ਚੜ੍ਹਨੀ' ਮੁਹਾਵਰੇ ਦਾ ਕੀ ਅਰਥ ਹੈ ? 1

ੳ) ਤਰੱਕੀ ਕਰਨੀ ਅ) ਖੁਸ਼ ਹੋਣਾ

ੲ) ਪਤੰਗ ਉਡਾਉਣਾ ਸ) ਦੁਖੀ ਹੋਣਾ

ਪਾਠ-ਪੁਸਤਕਾਂ ਤੇ ਅਧਾਰਿਤ

7. ਕਹਾਣੀ ਅਤੇ ਵਾਰਤਕ ਦੇ ਅਧਾਰ ਤੇ ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣ ਕੇ ਆਪਣੀ ਉੱਤਰ ਪੁਸਤਕਾਂ ਵਿੱਚ ਲਿਖੋ –

i) ਰਜਨੀ ਨੇ ਸੱਪ ਨੂੰ ਕਿੱਥੇ ਭੇਜਣ ਲਈ ਕਿਹਾ - 1

ੳ) ਜੰਗਲ ਵਿਚ ਅ) ਚਿੜੀਆ ਘਰ

ੲ) ਸਪੇਰੇ ਕੋਲ ਸ) ਇਹਨਾਂ ਵਿੱਚੋਂ ਕੋਈ ਨਹੀਂ

ii) ਮੀਨਾਕਸ਼ੀ ਦੀ ਮਾਂ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ- 1

ੳ) ਲੁੱਡੋ ਅ) ਕੈਰਮ ਬੋਰਡ

ੲ) ਫੁੱਟਬਾਲ ਸ) ਸ਼ਤਰੰਜ

iii) ਅਰਚਨਾ ਚੋਪੜਾ ਦੇ ਪਤੀ ਦਾ ਕੀ ਨਾਂ ਸੀ ? 1

ੳ) ਰਾਹੁਲ ਅ)ਰੋਹਨ

ੲ) ਅਮਿਤ ਸ) ਰੋਸ਼ਨ

iv) ਹਉਮੈ ਕਿਸ ਤਰ੍ਹਾਂ ਦਾ ਰੋਗ ਹੈ ? 1

ੳ) ਛੋਟਾ ਅ) ਭੈੜਾ

ੲ) ਦੀਰਘ ਸ) ਚੰਗਾ

v) ਗਾਡਨਰ ਅਨੁਸਾਰ ਕਿੰਨੀ ਤਰ੍ਹਾਂ ਦੀ ਬੁੱਧੀ ਹੁੰਦੀ ਹੈ ? 1

ੳ) ਇੱਕ ਅ) ਦੋ

ੲ) ਪੰਜ ਸ) ਅੱਠ

8. ਇਕਾਂਗੀ ਅਤੇ ਜੀਵਨੀ ਤੇ ਅਧਾਰਤ ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣ ਕੇ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ-

i) ਬੇਬੇ ਰਾਮ ਭਜਨੀ ਇਕਾਂਗੀ ਦਾ ਲੇਖਕ ਕੌਣ ਹੈ ? 1

ੳ) ਭਾਈ ਵੀਰ ਸਿੰਘ ਅ) ਆਈ.ਸੀ.ਨੰਦਾ

ੲ) ਰਾਜਿੰਦਰ ਸਿੰਘ ਸ) ਅੰਮ੍ਰਿਤਾ ਪ੍ਰੀਤਮ

ii) ਬੇਬੇ ਰਾਮ ਭਜਨੀ ਕਿੱਥੇ ਜਾਣਾ ਚਾਹੁੰਦੀ ਸੀ ? 1

ੳ) ਮੰਦਰ ਅ) ਗੁਰਦੁਆਰੇ

ੲ) ਮਸਜਦ ਸ) ਤੀਰਥ

iii) ਮਿਲਖਾ ਸਿੰਘ ਦਾ ਪਾਲਣ ਪੋਸ਼ਣ ਕਿਸ ਨੇ ਕੀਤਾ ? 1

ੳ) ਵੱਡੀ ਭੈਣ ਨੇ ਅ) ਭਰਾ ਨੇ

ੲ) ਦੋਸਤ ਨੇ ਸ) ਗੁਆਂਢੀਆਂ ਨੇ

iv) ਡਾ.ਕਲਾਮ ਦਾ ਜਨਮ ਕਿੱਥੇ ਹੋਇਆ ? 1

ੳ) ਕੇਰਲ ਅ) ਤਾਮਿਲਨਾਡੂ

ੲ) ਮੁੰਬਈ ਸ) ਦਿੱਲੀ

v) ਬੀਬੀ ਭਾਨੀ ਜੀ ਦਾ ਜਨਮ ਕਦੋਂ ਹੋਇਆ ? 1

ੳ) 1540 ਈ. ਵਿੱਚ ਅ) 1535 ਈ. ਵਿੱਚ

ੲ) 1536 ਈ. ਵਿੱਚ ਸ) 1530 ਈ. ਵਿੱਚ

9. ਹੇਠ ਲਿਖੀਆਂ ਕਾਵਿ-ਟੁਕੜੀਆਂ ਨੂੰ ਪੜ੍ਹ ਕੇ ਕਿਸੇ ਇਕ ਦੇ ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ -

ਖੁਰਲੀ ਤੋਂ ਵਹਿੜਕੇ ਬਲਦ ਕਿੱਥੇ ਤੁਰ ਗਏ ,
ਕਿੱਥੇ ਗਏ ਕਿੱਲੀਆਂ ਤੋਂ ਘੁੰਗਰੂ ਪਰਾਣੀਆਂ ?
ਹੁਣ ਤਾਂ ਸਮਝ ਅੱਸੀ ਸਕਦੇ ਹਾਂ ਤਾਹੀਓਂ ,
ਇੰਗਲਿਸ਼ 'ਚ ਦੱਸੋ ਸਾਨੂੰ ਸਾਡੀਆਂ ਕਹਾਣੀਆਂ ।

i)ਖੁਰਲੀ ਦਾ ਕੀ ਅਰਥ ਹੈ ? 1

ੳ) ਧਰਤੀ ਵਿੱਚ ਗੱਡਿਆ ਲੱਕੜ ਅ) ਘੋਟਣਾ

ੲ) ਜੀਵਨ ਜਾਂਚ ਸ) ਡੰਗਰਾਂ ਨੂੰ ਬੰਨ੍ਹਣ ਤੇ ਉਹਨਾਂ ਦੇ ਪੱਠੇ ਪਾਣ ਦੀ ਥਾਂ

ii) ਕਿੱਲੀ ਤੋਂ ਕੀ ਗਵਾਚ ਗਿਆ ਹੈ ? 1

ੳ) ਘੁੰਗਰੂ ਅਤੇ ਪਰਾਣੀਆਂ ਅ) ਬਲਦ

ੲ) ਪੱਠੇ ਸ) ਸੁਆਣੀਆਂ

iii) ਖੁਰਲੀ ਉੱਪਰ ਕਿਸ ਦੀ ਘਾਟ ਮਹਿਸੂਸ ਹੋ ਰਹੀ ਹੈ ? 1

ੳ) ਉੱਖਲੀ ਦੀ ਅ) ਪਰਾਣੀਆਂ

ੲ) ਵਛਿਆਂ ਤੇ ਬਲਦਾਂ ਦੀ ਸ) ਘੁੰਗਰੂ

iv) ਹੁਣ ਸਾਨੂੰ ਕਿਹੜੀ ਭਾਸ਼ਾ ਸਮਝ ਆਉਂਦੀ ਹੈ ? 1

ੳ) ਹਿੰਦੀ ਅ) ਅੰਗਰੇਜ਼ੀ

ੲ) ਉਰਦੂ ਸ) ਪੰਜਾਬੀ

ਜਾਂ

ਭਗਤੀ ਨਾਮ ਦੀ ਵਿੱਚੋ ਹੁਣ ਮਿਲੂ ਸ਼ਕਤੀ,
ਦੇਊ ਹੌਸਲਾ ਨਵਾਂ ਕਿਰਪਾਨ ਮੇਰੀ ।
ਲੇਖੇ ਧਰਮ ਦੇ ਸੱਭੇ ਮੈਂ ਲਾ ਦੇਣੇ,

ਸਾਰਾ ਘਰ,ਪਰਿਵਾਰ ਤੇ ਜਾਨ ਮੇਰੀ ।

i) ਉਪਰੋਕਤ ਕਾਵਿ ਸਤਰਾਂ ਕਿਸ ਦੀਆਂ ਲਿਖੀਆਂ ਹਨ ? 1

ੳ) ਭਾਈ ਵੀਰ ਸਿੰਘ ਅ) ਸੁਰਜੀਤ ਪਾਤਰ

ੲ) ਪਵਨ ਹਰਚੰਦਪੁਰੀ ਸ) ਕਸ਼ਮੀਰ ਨੀਰ

ii) ਭਗਤੀ ਨਾਮ ਵਿੱਚੋਂ ਸਾਨੂੰ ਕੀ ਮਿਲੇਗਾ ? 1

ੳ) ਸ਼ਕਤੀ ਅ) ਹੰਕਾਰ

ੲ) ਪਿਆਰ ਸ) ਧਰਮ

iii) ਸਾਨੂੰ ਹੌਂਸਲਾ ਕਿਸ ਤੋਂ ਮਿਲੇਗਾ ? 1

ੳ) ਖੰਡੇ ਤੋਂ ਅ) ਭਾਲੇ ਤੋਂ

ੲ) ਤੀਰ ਤੋਂ ਸ) ਕਿਰਪਾਨ ਤੋਂ

iv) ਘਰ , ਪਰਿਵਾਰ ਅਤੇ ਜਾਨ ਕਿਸ ਦੇ ਲੇਖੇ ਲਾਉਣ ਦੀ ਗੱਲ ਕੀਤੀ ਗਈ ਹੈ? 1

ੳ) ਕਰਮ ਦੇ ਅ) ਧਰਮ ਦੇ

ੲ) ਗਿਆਨ ਦੇ ਸ) ਭਗਤੀ ਦੇ

## ਭਾਗ- ਅ

### ਵਰਨਣਾਤਮਕ ਪ੍ਰਸ਼ਨ

ਪਾਠ ਪੁਸਤਕਾਂ ਤੇ ਅਧਾਰਿਤ 26

10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਸੱਤ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ - 2×7=14

ੳ) ਗੁਰਮੁਖਿ ਅਤੇ ਮਨਮੁਖਿ ਕਿੰਨ੍ਹਾਂ ਨੂੰ ਕਿਹਾ ਜਾਂਦਾ ਹੈ ?

ਅ) ਮੀਰੀ ਅਤੇ ਪੀਰੀ ਤੋਂ ਕੀ ਭਾਵ ਹੈ ?

ੲ) ਡਾ.ਕਲਾਮ ਦੇ ਧਰਮ ਬਾਰੇ ਕੀ ਵਿਚਾਰ ਸਨ ?

ਸ) 1960 ਵਿੱਚ ਮਿਲਖਾ ਸਿੰਘ ਵੱਲੋਂ ਬਣਾਏ ਰਿਕਾਰਡ ਬਾਰੇ ਤੁਸੀਂ ਕੀ ਜਾਣਦੇ ਹੋ ?

ਹ) ਲੋਕ ਗੀਤਾਂ ਦੇ ਕਿਹੜੇ-ਕਿਹੜੇ ਰੂਪ ਹਨ ?

ਕ) ਨਿਮਰਤਾ ਅਤੇ ਹਲੀਮੀ ਦਾ ਕਿਸ ਨਾਲ ਤਾਲਮੇਲ ਨਹੀਂ ਬੈਠਦਾ ?

ਖ) ਮਨੁੱਖ ਅੰਦਰਲੀ ਊਰਜਾ ਉਸ ਲਈ ਕਿਵੇਂ ਵਰਦਾਨ ਜਾਂ ਸ਼ਰਾਪ ਬਣਦੀ ਹੈ ?

ਗ) ਹੰਕਾਰੀ ਮਨੁੱਖ ਤੋਂ ਕਿਵੇਂ ਬੱਚਿਆਂ ਜਾ ਸਕਦਾ ਹੈ ?

ਘ) ਖਾਲਸਾ ਪੰਥ ਦੀ ਸਿਰਜਣਾ ਕਦੋਂ ਤੇ ਕਿਉਂ ਹੋਈ ?

ਙ) ਡਾ. ਕਲਾਮ ਨੂੰ ਕਿਹੜੇ ਵੱਡੇ ਸਨਮਾਨ ਹਾਸਿਲ ਹੋਏ ?

11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ - 3

ਡਾ. ਅਬਦੁਲ ਕਲਾਮ ਗੁਣਾਂ ਦੀ ਖਾਨ ਸਨ । ਸੰਖੇਪ ਵਿਚ ਲਿਖੋ ।

ਜਾਂ

ਤਾਲਮੇਲ ਬੁੱਧੀ ਬਾਰੇ ਸੰਖੇਪ ਵਰਨਣ ਕਰੋ ?

12. ਹੇਠ ਲਿਖੇ ਪ੍ਰਸ਼ਨਾਂ ਵਿੱਚੋ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ- 3

ਲੋਕ-ਗੀਤਾਂ ਦੀ ਸਭਿਆਚਾਰ ਨਾਲ ਕੀ ਸਾਂਝ ਹੈ ?

ਜਾਂ

ਬੀਬੀ ਭਾਨੀ ਜੀ ਦੇ ਗੁਣਾਂ ਉੱਤੇ ਰੋਸ਼ਨੀ ਪਾਓ ?

13. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ - 3

ਬੇਬੇ ਰਾਮ ਭਜਨੀ ਇਕਾਂਗੀ ਦਾ ਉਦੇਸ਼ ਕੀ ਹੈ ?

ਜਾਂ

ਸਕੂਲ ਦੇ ਸਾਲਾਨਾ ਸਮਾਗਮ ਵਿੱਚ ਕਿਸ ਨੂੰ ਸਨਮਾਨਤ ਕੀਤਾ ਗਿਆ ਤੇ ਕਿਉਂ ?

14. ਹੇਠ ਲਿਖੇ ਪ੍ਰਸ਼ਨਾਂ ਵਿੱਚੋ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ -

' ਮੈਂ ਹਰ ਪਾਸਿਓਂ ਲੁਟਿਆ ਗਿਆ । ਓਏ , ਮੈਂ ਕੀ ਕਰਾਂ ' ਇਹ ਕੌਣ ਤੇ ਕਿਉਂ ਬੋਲਦਾ ਹੈ ? ਬੇਬੇ ਰਾਮ ਭਜਨੀ ਇਕਾਂਗੀ ਦੇ ਅਧਾਰ ਤੇ ਉੱਤਰ ਲਿਖੋ । 3

ਜਾਂ

ਸਾਨੂੰ ਈਅਰ ਫੋਨ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?

ਪ੍ਰਭਾਵਸ਼ਾਲੀ ਲਿਖਣ ਕੌਸ਼ਲ

15. ਹੇਠ ਲਿਖੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ 100 ਤੋਂ 150 ਸ਼ਬਦਾਂ ਦਾ ਲੇਖ ਦਿੱਤੇ ਗਏ ਨੁਕਤੇ ਦੇ ਅਧਾਰ ਤੇ ਲਿਖੋ - 5

ੳ) ਸਮੇਂ ਦੀ ਕਦਰ

ਨੁਕਤੇ - * ਭੂਮਿਕਾ * ਸਮੇਂ ਦਾ ਸਦਉਪਯੋਗ * ਸਮੇਂ ਦਾ ਪਾਬੰਦ ਹੋਣਾ * ਸਮਾਂ ਬਰਬਾਦ ਕਰਨ ਦੇ ਨੁਕਸਾਨ * ਸਿੱਟਾ

ਅ) ਭਰੂਣ- ਹੱਤਿਆ

ਨੁਕਤੇ - * ਭੂਮਿਕਾ * ਭਰੂਣ ਹੱਤਿਆ ਤੋਂ ਭਾਵ * ਮਰਦ ਪ੍ਰਧਾਨ ਸਮਾਜ ਦੀ ਦੇਣ * ਭਰੂਣ ਹੱਤਿਆ ਨੂੰ ਕਿਵੇਂ ਰੋਕਿਆ ਜਾਵੇ * ਸਿੱਟਾ

ੲ) ਵੈਸ਼ਵਿਕ ਮਹਾਂਮਾਰੀ ਕੋਵਿਡ - 19

ਨੁਕਤੇ - * ਮਹਾਂਮਾਰੀ ਦਾ ਅਰਥ * ਕੋਵਿਡ ਦੀ ਸ਼ੁਰੂਆਤ * ਕੋਵਿਡ ਦੇ ਬੁਰੇ ਪ੍ਰਭਾਵ * ਕੋਵਿਡ ਤੋਂ ਬਚਾਅ ਤੇ ਇਲਾਜ * ਸਿੱਟਾ

16. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਦਿੱਤੇ ਗਏ ਨੁਕਤਿਆਂ ਦੇ ਅਧਾਰ ਤੇ ਪੱਤਰ ਲਿਖੋ- 5

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਇੱਕ ਬਿਨੈ ਪੱਤਰ ਲਿਖੋ ਜਿਸ ਵਿੱਚ ਸਕੂਲ ਦੀ ਲਾਇਬ੍ਰੇਰੀ ਵਿਚ ਰੋਜ਼ਾਨਾ ਪੰਜਾਬੀ ਅਖਬਾਰਾਂ ਮੰਗਵਾਉਣ ਦੀ ਮੰਗ ਕਰੋ ।

ਨੁਕਤੇ - * ਪਤਾ ਤੇ ਮਿਤੀ * ਸੰਬੋਧਨੀ ਭਾਗ * ਵਿਸ਼ਾ ਵਸਤੂ * ਅੰਤਲਾ ਭਾਗ

ਜਾਂ

ਤੁਹਾਡੇ ਚਾਚਾ ਜੀ ਨੇ ਤੁਹਾਨੂੰ ਜਨਮ ਦਿਨ ਤੇ ਤੋਹਫ਼ਾ ਭੇਜਿਆ ਹੈ । ਪੱਤਰ ਲਿਖ ਕੇ ਉਹਨਾਂ ਨੂੰ ਧੰਨਵਾਦ ਕਰੋ ।

ਨੁਕਤੇ - * ਪਤਾ ਤੇ ਮਿਤੀ * ਸੰਬੋਧਨੀ ਭਾਗ * ਵਿਸ਼ਾ ਵਸਤੂ * ਅੰਤਲਾ ਭਾਗ

17. ਤੁਸੀਂ ਲੇਡੀਜ਼ ਸੂਟਾਂ ਦੀ ਦੁਕਾਨ ਖੋਲੀ ਹੈ । ਉਸ ਦਾ ਇਸ਼ਤਿਹਾਰ ਤਿਆਰ ਕਰੋ । 4

ਜਾਂ

ਆਪਣਾ ਘਰ ਕਿਰਾਏ ਤੇ ਦੇਣ ਲਈ ਇਸਤਿਹਾਰ ਤਿਆਰ ਕਰੋ ।

ਜਾਂ

ਹੇਠਾਂ ਦਿੱਤੀ ਤਸਵੀਰ ਸੰਬੰਧੀ ਲਗ-ਭਗ 50 ਸ਼ਬਦਾਂ ਵਿੱਚ ਆਪਣੇ ਵਿਚਾਰ ਲਿਖੋ -



ਨੋਟ – ਤਸਵੀਰ ਵਾਲੇ ਪ੍ਰਸ਼ਨ ਦੀ ਥਾਂ ਇਹ ਪ੍ਰਸ਼ਨ ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਹੈ –

- ਇੰਟਰਨੈਟ ਦੇ ਕੀ ਲਾਭ ਹਨ ? 50 ਸ਼ਬਦਾਂ ਵਿੱਚ ਲਿਖੋ ।